# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ.ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀ ਮੰਜਿਲ, ਫੇਜ਼-8, ਮੋਹਾਲੀ।

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)/ ਸਮੂਹ ਪ੍ਰਿੰਸੀਪਲ ਡਾਇਟ,(ਵੈਬ-ਸਾਇਟ ਰਾਹੀ)
ਪੰਜਾਬ।

ਪੱਤਰ ਨੰ:- DPISE-EST30GENL/178/2022-ESTABLISHMENT-3-HM-DPISE / 638

ਮਿਤੀ:- ਐਸ.ਏ.ਐਸ.ਨਗਰ 29-11-2022

**ਵਿਸ਼ਾ:- ਸਾਲ 2022-23 ਲਈ ਫਿਜਿਕਸ, ਕੈਮਿਸਟਰੀ ਅਤੇ ਬਾਇਓਲੋਜੀ ਵਿਸ਼ੇ ਦੇ ਲੈਕਚਰਾਰਾਂ ਦੇ ਪ੍ਰੈਕਟੀਕਲ ਅਤੇ ਐਕਟੀਵਿਟੀ ਕਰਵਾਉਣ ਲਈ 3 ਰੋਜ਼ਾ ਵਰਕਸ਼ਾਪ/ ਟ੍ਰੇਨਿੰਗ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਸੰਬੰਧੀ ਫਿਜਿਕਸ, ਕੈਮਿਸਟਰੀ ਅਤੇ ਬਾਇਓਲੋਜੀ ਵਿਸ਼ੇ ਦੇ ਲੈਕਚਰਾਰਾਂ ਦੀ ਪ੍ਰੈਕਟੀਕਲ/ ਐਕਟੀਵਿਟੀ ਸੰਬੰਧੀ 3 ਰੋਜ਼ਾ ਵਰਕਸ਼ਾਪ/ ਟ੍ਰੇਨਿੰਗ ਜਿਲਾ ਪੱਧਰ ਤੇ ਲਗਾਈ ਜਾ ਰਹੀ ਹੈ। ਇਸ ਸਬੰਧੀ ਗਾਈਡਲਾਈਨਜ਼ ਹੇਠ ਲਿਖੇ ਅਨੁਸਾਰ ਹਨ:-

1.1 ਇਸ ਸੰਬੰਧੀ ਜਿਲ੍ਹਾ ਸਿੱਖਿਆ ਅਫਸਰ ਆਪਣੇ ਜਿਲੇ ਦੇ ਪ੍ਰਿੰਸੀਪਲ ਜਿਲ੍ਹਾ ਮੈਂਟਰ ਦੇ ਸਹਿਯੋਗ ਨਾਲ ਫਿਜਿਕਸ, ਕਮਿਸਟਰੀ ਅਤੇ ਬਾਇਓਲੋਜੀ ਵਿਸ਼ੇ ਦੇ ਲੈਕਚਰਾਰਾਂ ਦੀ ਸਬੰਧਤ ਵਿਸ਼ੇ ਦੇ ਪ੍ਰੈਕਟੀਕਲ/ ਐਕਟੀਵਿਟੀ ਸਬੰਧੀ ਵਰਕਸ਼ਾਪ ਲਗਾਉਣ ਲਈ ਸੁਵਿਧਾ ਅਨੁਸਾਰ ਵੈਨਿਊ ਚੁਣਨਗੇ। ਸਲੈਕਟ ਕੀਤੇ ਸਕੂਲ ਵਿਚ ਫਿਜੀਕਸ , ਕਮਿਸਟਰੀ ਅਤੇ ਬਾਇਓ ਦੇ ਸਮੂਹ ਪ੍ਰੈਕਟੀਕਲ/ ਐਕਟੀਵਿਟੀ ਨਾਲ ਸਬੰਧਤ ਪ੍ਰਯੋਗੀ ਸਮਾਨ ਦੀ ਉਪਲੱਬਧਤਾ ਹੋਵੇ ਅਤੇ ਹਰ ਇੱਕ ਪ੍ਰਯੋਗੀ ਸਮਾਨ ਸਹੀ ਅਤੇ ਚੱਲਦੀ ਹਾਲਤ ਵਿਚ ਹੋਵੇ।

1.2 ਇਸ ਵਰਕਸ਼ਾਪ ਵਿੱਚ ਪ੍ਰਿੰਸੀਪਲ ਜਿਲਾ ਮੈਂਟਰ ਬਤੌਰ ਰਿਸੋਰਸ ਪਰਸਨ ਕਾਰਜ ਕਰਨਗੇ। ਪ੍ਰਿੰਸੀਪਲ ਜਿਲਾ ਮੈਂਟਰ ਵਰਕਸ਼ਾਪ ਲਗਾਉਣ ਸਬੰਧੀ ਆਪਣੇ ਨਾਲ ਜਿਲ੍ਹੇ ਵਿੱਚੋ ਸਬੰਧਤ ਵਿਸ਼ੇ ਦੇ 2-3 ਸੀਨੀਅਰ ਲੈਕਚਰਾਰਜ਼/ਸਬੰਧਤ ਵਿਸ਼ੇ ਦੇ ਪ੍ਰਿੰਸੀਪਲ ਦੀ ਡਿਊਟੀ ਬਤੌਰ ਰਿਸੋਰਸ ਪਰਸਨ ਲਗਾ ਸਕਦੇ ਹਨ ਜੋ ਕਿ ਵਰਕਸ਼ਾਪ ਲਗਾਉਣ ਤੋ 1-2 ਦਿਨ ਪਹਿਲਾ ਸਾਰੇ ਪ੍ਰੈਕਟੀਕਲਾਂ ਦਾ ਪ੍ਰਯੋਗੀ ਸਮਾਨ/Apparatus ਸੈਟ ਕਰਨਗੇ। ਇੱਕ ਪ੍ਰਯੋਗ ਲਈ 3-4 ਸੈੱਟ ਤਿਆਰ ਕੀਤੇ ਜਾਣ ਤਾਂ ਜੋ ਟ੍ਰੇਨਿੰਗ/ ਵਰਕਸ਼ਾਪ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

1.3 ਸਿਲੈਕਟ ਕੀਤੇ ਸਕੂਲ ਵਿੱਚ ਫਿਜਿਕਸ, ਕੈਮਿਸਟਰੀ ਅਤੇ ਬਾਇਓ ਦੇ ਸਾਰੇ ਪ੍ਰੈਕਟੀਕਲ/ ਐਕਟੀਵਿਟੀ ਨਾਲ ਸਬੰਧਤ ਪ੍ਰਯੋਗੀ ਸਮਾਨ ਦੀ ਉਪਲੱਬਧਤਾ ਨਾ ਹੋਣ ਦੀ ਸੂਰਤ ਵਿੱਚ ਦੂਜੇ ਸਕੂਲ ਤੋ ਸਮਾਨ ਮੰਗਵਾਇਆ ਜਾਵੇ। ਕੈਲਕੂਲੇਸ਼ਨ ਆਦਿ ਲਈ ਲਾਗ ਟੇਬਲ ਮਹੱਈਆ ਕਰਵਾਇਆ ਜਾਵੇ। ਕੈਮਿਸਟਰੀ ਦੀ Salt Analysis ਕਰਵਾਉਣ ਲਈ ਲੋੜੀਦੀ ਗੈਸ ਤਿਆਰ ਕੀਤੀ ਜਾਵੇ। ਬਾਇਓ ਦੇ ਪ੍ਰੈਕਟੀਕਲ ਲਈ ਮਾਈਕਰੋਸਕੋਪ, ਲੋੜੀਦੀਆਂ ਸਲਾਈਡਾਂ ਅਤੇ ਟੈਸਟ ਕਰਨ ਲਈ ਲੋੜੀਦੇ ਰਸਾਇਣ ਤਿਆਰ ਕਰ/ ਮੰਗਵਾ ਲਏ ਜਾਣ। ਫਿਜਿਕਸ ਲਈ ਲੋੜੀਦੇ ਬੈਟਰੀ/ ਬੈਟਰੀ ਇਲੀਮੀਨੇਟਰ ਆਦਿ ਦਾ ਪ੍ਰਬੰਧ ਕਰ ਲਿਆ ਜਾਵੇ। ਇਸ ਲਈ ਸਬੰਧਤ ਸਕੂਲ ਦੇ ਪ੍ਰਿੰਸੀਪਲ/ਐਸ.ਐਲ.ਏ./ ਸਾਇੰਸ ਵਿਸ਼ੇ ਦੇ ਲੈਕਚਰਾਰਜ਼ ਵਰਕਸ਼ਾਪ ਦੀ ਤਿਆਰੀ ਕਰਾਉਣ, ਲੈਬ ਦੀ ਸਫਾਈ ਅਤੇ ਹੋਰ ਪ੍ਰਬੰਧ ਆਦਿ ਲਈ ਪੂਰਨ ਸਹਿਯੋਗ ਦੇਣਗੇ।

1.4 ਇਕ ਜਿਲੇ ਵਿਚ ਅਲੱਗ- 2 ਵਿਸ਼ੇ ਦੀ ਵਰਕਸ਼ਾਪ ਲਗਾਉਣ ਲਈ ਸਹੂਲਤ ਅਨੁਸਾਰ ਵੱਖ- 2 ਸਕੂਲ ਚੁਣੇ ਜਾ ਸਕਦੇ ਹਨ। ਅਲੱਗ-2 ਵਿਸ਼ੇ ਦੀ ਪ੍ਰੈਕਟੀਕਲ/ ਐਕਟੀਵਿਟੀ ਦੀ ਵਰਕਸ਼ਾਪ ਵੱਖ- 2 ਦਿਨਾ ਵਿਚ ਲਗਾਈ ਜਾ ਸਕਦੀ ਹੈ ਤਾ ਜੋ ਸਕੂਲ ਦੀ ਪੜਾਈ ਅਤੇ ਸੰਚਾਲਣ ਪ੍ਰਭਾਵਿਤ ਨਾ ਹੋਵੇ। ਨਵੰਬਰ ਮਹੀਨੇ ਦੇ ਅੰਤ ਤੱਕ ਵਰਕਸ਼ਾਪ/ ਟ੍ਰੇਨਿੰਗ ਲਗਾਉਣ ਨੂੰ ਤਰਜੀਹ ਦਿੱਤੀ ਜਾਵੇ।

1.5 ਵਰਕਸ਼ਾਪ ਲਗਾਉਣ ਤੋ ਪਹਿਲਾ ਫਿਜੀਕਸ , ਕਮਿਸਟਰੀ ਅਤੇ ਬਾਇਓਲੋਜੀ ਵਿਸ਼ੇ ਦੇ ਪ੍ਰਿੰਸੀਪਲ ਜਿਲ੍ਹਾ ਮੈਂਟਰ ਆਪਸ ਵਿਚ ਤਾਲਮੇਲ ਕਰਦੇ ਹੋਏ ਤਿੰਨੇ ਵਿਸ਼ਿਆਂ ਦੀ ਵਰਕਸ਼ਾਪ ਸਬੰਧੀ ਸ਼ਡਿਊਲ ਮਿਤੀ , ਸਥਾਨ ਆਦਿ ਦੀ ਸੂਚਨਾ ਜਿਲ੍ਹਾ ਸਿੱਖਿਆ ਅਫਸਰ ਰਾਹੀ ਮੁੱਖ ਦਫਤਰ ਵਿਖੇ ਭੇਜਣਗੇ। ਵਰਕਸ਼ਾਪ ਸਕੂਲ ਸਮੇ ਵਿਚ ਲਗਾਈ ਜਾਵੇਗੀ। ਵਰਕਸ਼ਾਪ ਦੇ ਪਹਿਲੇ ਅਤੇ ਦੂਜੇ ਦਿਨ 11ਵੀ ਅਤੇ 12 ਦੇ ਪ੍ਰੈਕਟੀਕਲ/ ਐਕਟੀਵਿਟੀਆਂ ਗਰੁੱਪ ਬਣਾ ਕੇ ਕੀਤੇ ਜਾਣਗੇ। Hand on skill workshop ਹੋਣ ਕਾਰਨ ਤੀਸਰੇ ਦਿਨ ਹਰੇਕ ਅਧਿਆਪਕ ਵਲੋ Hands on Practical/ Activity ਪ੍ਰਦਰਸ਼ਿਤ ਕੀਤੀ ਜਾਵੇਗੀ।

1.6 ਇਸ ਲਈ ਜਿਲ੍ਹੇ ਵਿੱਚ ਕੁੱਲ ਸਬੰਧਤ ਵਿਸੇ ਦੇ 11ਵੀ ਅਤੇ 12ਵੀ ਜਮਾਤਾਂ ਨੂੰ ਪੜ੍ਹਾ ਰਹੇ ਲੈਕਚਰਾਰਾਂ/ ਅਧਿਆਪਕਾਂ ਦੀ ਗਿਣਤੀ ਅਨੁਸਾਰ ਲੋੜੀਦੇ ਬੈਚ ਬਣਾ ਲਏ ਜਾਣ ਤਾਂ ਜੋ ਇੱਕ ਵੈਨਿਊ ਦੇ ਇੱਕ ਲੈਬ./ਕਲਾਸਰੂਮ ਵਿੱਚ 40 ਤੋ ਵੱਧ ਅਧਿਆਪਕ ਨਾ ਹੋਣ। ਟ੍ਰੇਨਿੰਗ ਦੇ ਸ਼ਡਿਊਲ ਸਬੰਧੀ ਅਧਿਆਪਕਾਂ ਨੂੰ ਸਮੇਂ ਸਿਰ ਸੂਚਿਤ ਕੀਤਾ ਜਾਵੇ।

1.7 ਸਮੂਹ ਜਿਲ੍ਹਾ ਸਿੱਖਿਆ ਅਫਸਰ ਸੰਬੰਧਤ ਜਿਲ੍ਹੇ ਵਿਚ ਇਸ ਚੱਲ ਰਹੀ ਵਰਕਸ਼ਾਪ ਦੇ ਸੰਚਾਲਨ ਸਬੰਧੀ ਚੈਕਿੰਗ/ਮਾਨੀਟਰਿੰਗ ਕਰਨਗੇ ਅਤੇ ਵਰਕਸ਼ਾਪ ਅਰੰਭਣ ਤੋ ਪਹਿਲਾ ਇਹ ਯਕੀਨੀ ਬਣਾਉਣਗੇ ਕਿ ਲੈਬ ਵਿੱਚ ਪ੍ਰੈਕਟੀਕਲਾਂ ਨਾਲ ਸਬੰਧਤ ਸਾਰੇ ਪ੍ਰਯੋਗਾ/ ਐਕਟੀਵਿਟੀਆਂ ਦੇ ਸਮਾਨ ਦੀ ਸੈਟਿੰਗ ਕਰ ਲਈ ਗਈ ਹੋਵੇ।

1.8 ਇਸ ਵਰਕਸ਼ਾਪ ਵਿਚ ਸੰਬੰਧਤ ਵਿਸ਼ੇ ਦੇ ਸਮੂਹ ਲੈਕਚਰਾਰਜ਼/ ਉਸ ਵਿਸ਼ੇ ਨੂੰ ਬਦਲਵੇ ਪ੍ਰਬੰਧ ਵਜੋ ਪੜ੍ਹਾ ਰਹੇ ਲੈਕਚਰਾਰ/ ਅਧਿਆਪਕ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ। ਟ੍ਰੇਨਿੰਗ ਸਬੰਧੀ ਲੋੜੀਦਾ ਰਿਕਾਰਡ ਸਮੇਤ ਹਾਜ਼ਰੀ ਪ੍ਰਿੰਸੀਪਲ ਡਾਇਟ ਦੁਆਰਾ ਰੱਖਿਆ ਜਾਵੇਗਾ । ਵਰਕਸ਼ਾਪ ਦੀ ਗਤੀਵਿਧੀਆਂ ਨਾਲ ਸੰਬੰਧਤ ਵੀਡੀਓ / ਫੋਟੋ ਵਟਸਐਪ ਗਰੁੱਪ ਅਤੇ ਫੇਸਬੁਕ ਤੇ ਸ਼ੇਅਰ ਕੀਤੀਆਂ ਜਾਣ ਅਤੇ ਇਸ ਦਫਤਰ ਦੀ ਈ-ਮੇਲ ਤੇ ਵੀ ਭੇਜੀ ਜਾਣੀ ਯਕੀਨੀ ਬਣਾਈ ਜਾਵੇ।

1.9 ਇਸ ਵਰਕਸ਼ਾਪ ਵਿੱਚ 11ਵੀ ਅਤੇ 12ਵੀ ਜਮਾਤ ਦੇ ਫਿਜਿਕਸ , ਕੈਮਿਸਟਰੀ ਅਤੇ ਬਾਇਓਲੋਜੀ ਵਿਸੇ ਦੇ ਸਿਲੇਬਸ ਵਿਚ ਆਉਦੇ ਸਾਰੇ ਪ੍ਰੈਕਟੀਕਲ/ ਐਕਟੀਵਿਟੀਜ਼ ਕਵਰ ਕੀਤੇ ਜਾਣਗੇ। ਵਰਕਸ਼ਾਪ ਨੂੰ ਪ੍ਰਭਾਵੀ ਬਣਾਉਣ ਲਈ ਪ੍ਰੋਜੈਕਟਰ/ਈ-ਕੰਟੈਨਟ ਦੀ ਵਰਤੋ ਕੀਤੀ ਜਾ ਸਕਦੀ ਹੈ।ਪ੍ਰੈਕਟੀਕਲ ਦੀ ਰੀਡਿੰਗ , ਅਬਜ਼ਰਵੇਸ਼ਨਜ਼ ਕੈਲਕੁਲੇਸ਼ਨ ਅਤੇ ਪੈਕਟੀਕਲ ਦੇ ਰਿਜ਼ਲਟ ਆਦਿ ਦਾ ਰਿਕਾਰਡ ਹਰੇਕ ਲੈਕਚਰਾਰ ਵਲੋ ਰੱਖਿਆ ਜਾਵੇਗਾ । ਵਰਕਸ਼ਾਪ ਪੂਰੀ ਹੋਣ ਉਪਰੰਤ ਜਿਲਾ ਵਾਈਜ਼ ਰਿਪੋਰਟ ਅਤੇ ਫੀਡਬੈਕ ਫਾਰਮ ਦੀ ਪੀ.ਡੀ.ਐਫ. ਇਸ ਈ-ਮੇਲ sciencesr@punjabeducation.gov.in ਤੇ ਭੇਜੀ ਜਾਵੇ।

1.10 ਇਸ ਲਈ ਡਾਈਟਜ਼ ਨੂੰ ਉਕਤ ਖਰਚਿਆਂ ਲਈ ਟੀਚਰ ਟ੍ਰੇਨਿੰਗ ਫੰਡਜ਼ ਦੀ ਵਰਤੋ ਬਤੋਰ ਐਡਵਾਂਸ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਤਾਂ ਜੋ ਟ੍ਰੇਨਿੰਗ ਸਫਲਤਾ ਪੂਰਵਕ ਚੱਲ ਸਕੇ। ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

| ਲੜੀ ਨੰ. | ਖਰਚੇ ਦਾ ਵੇਰਵਾ | ਰਾਸ਼ੀ (ਰੁਪਏ ਵਿੱਚ) | ਕੁੱਲ ਰਾਸ਼ੀ (ਰੁਪਏ ਵਿੱਚ) |
|---|---|---|---|
| 1 | ਪ੍ਰਬੰਧਕੀ ਖਰਚਾ/ ਚਾਹ-ਪਾਣੀ | 20/- ਰੁਪਏ ਪ੍ਰਤੀ ਵਿਆਕਤੀ ਪ੍ਰਤੀ ਦਿਨ | 50/- ਰੁਪਏ ਪ੍ਰਤੀ ਵਿਆਕਤੀ ਪ੍ਰਤੀ ਦਿਨ |
| 2 | ਸਟੇਸ਼ਨਰੀ/ ਐਕਟੀਵਿਟੀ ਲਈ ਸਮਾਨ | 30/- ਰੁਪਏ ਪ੍ਰਤੀ ਵਿਆਕਤੀ ਪ੍ਰਤੀ ਦਿਨ | |

1.11 ਇਸ ਦੋਰਾਨ ਹੈਡ ਆਫਿਸ ਤੋ ਟ੍ਰੇਨਿੰਗ ਵੈਨਿਊ ਵਿਜ਼ਿਟ ਕਰਨ ਵਾਲੀ ਟੀਮ ਦਾ ਟੀ.ਏ. ਮੁੱਖ ਦਫਤਰ ਤੋ ਜਾਰੀ Training Fund ਵਿੱਚੋ ਕਲੇਮ ਕੀਤਾ ਜਾਵੇ।

1.12 ਟ੍ਰੇਨਿੰਗ ਵਿੱਚ ਆਉਣ ਵਾਲੇ Participants ਅਤੇ Resource Person ਆਪਣੇ ਨਾਲ 11ਵੀ ਅਤੇ 12ਵੀ ਦੀਆਂ ਪ੍ਰੈਕਟੀਕਲ ਸਬੰਧੀ ਕਿਤਾਬਾਂ ਨਾਲ ਲੈ ਕੇ ਆਉਣਾ ਯਕੀਨੀ ਬਣਾਉਣ। ਜੇਕਰ ਉਪਲੱਬਧ ਹੋਵੇ ਤਾਂ Resource Person ਆਪਣੇ ਨਾਲ ਲੈਪ-ਟਾਪ ਨਾਲ ਲੈ ਕੇ ਆਉਣ।

ਡਾਇਰੈਕਟਰ ਐਸ.ਸੀ.ਈ.ਆਰ.ਟੀ.,
ਪੰਜਾਬ

ਪਿੱਠ ਅੰਕਣ ਨੰ.- ਉਕਤ ਮਿਤੀ, ਐਸ.ਏ.ਐਸ.ਨਗਰ:- 22-11-22

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਪੀ.ਏ.ਟੂ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।
3. ਸਮੂਹ ਪੀ.ਡੀ.ਐਮ.( ਫਿਜੀਕਸ , ਕਮਿਸਟਰੀ ਅਤੇ ਬਾਇਓਲੋਜੀ )(ਡੀ.ਈ.ਓ.ਰਾਹੀ)।

21/11/22
ਸਹਾਇਕ ਡਾਇਰੈਕਟਰ